☬ ☬

# ਸਾਕਾ ਸ੍ਰੀ ਨਨਕਾਣਾ ਸਾਹਿਬ ਅਤੇ ਗੰਗਸਰ ਜੈਤੋ ਮੋਰਚਾ

## ਦੇ ਸ਼ਹੀਦਾਂ ਦੀ ਸਿਮਰਤੀ ਵਿੱਚ

## ੧੦ ਫੱਗਣ, ਨਾਨਕਸ਼ਾਹੀ ਸੰਮਤ ੫੫੬ ਮੁਤਾਬਿਕ ਸ਼ੁੱਕਰਵਾਰ, 21 ਫਰਵਰੀ 2025



### ਸਾਕਾ ਸ੍ਰੀ ਨਨਕਾਣਾ ਸਾਹਿਬ

ਸ੍ਰੀ ਨਨਕਾਣਾ ਸਾਹਿਬ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਹੈ। ਖਾਲਸਾ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਵੱਲੋਂ ਇਨ੍ਹਾਂ ਗੁਰਧਾਮਾਂ ਦੇ ਨਾਮ ਖੁੱਲ੍ਹੀਆਂ ਜ਼ਮੀਨਾਂ ਲਵਾਈਆਂ ਗਈਆਂ ਤਾਂ ਜੋ ਸਿੱਖੀ ਦੇ ਪ੍ਰਚਾਰ ਦੀ ਲਹਿਰ ਨਿਰਵਿਘਨ ਚਲਦੀ ਰਹਿ ਸਕੇ। ਪਰ ਖਾਲਸਾ ਰਾਜ ਤੋਂ ਬਾਅਦ ਅੰਗਰੇਜ਼ ਰਾਜ ਸਮੇਂ ਇਨ੍ਹਾਂ ਗੁਰਧਾਮਾਂ ਦੀ ਸੇਵਾ-ਸੰਭਾਲ ਦੀ ਜ਼ਿੰਮੇਦਾਰੀ ਸੰਭਾਲੀ ਬੈਠੇ ਮਹੰਤਾਂ ਦੇ ਦਿਲਾਂ ਵਿੱਚ ਖੋਟ ਆ ਗਿਆ ਤੇ ਉਹ ਆਪਹੁਦਰੀਆਂ ਕਰਨ ਲੱਗ ਪਏ। ਨਤੀਜਾ ਇਹ ਹੋਇਆ ਕਿ ਗੁਰਧਾਮ ਦੀ ਮਰਿਆਦਾ ਭੰਗ ਹੋਣ ਲੱਗੀ ਤੇ ਆਏ ਸ਼ਰਧਾਲੂਆਂ ਨੂੰ ਲੁੱਟਿਆ ਜਾਂਦਾ ਅਤੇ ਉਨ੍ਹਾਂ ਦੀ ਬੇਪਤੀ ਕੀਤੀ ਜਾਂਦੀ। ਇਨ੍ਹਾਂ ਮਹੰਤਾਂ ਹੱਥੋਂ ਗੁਰਦੁਆਰਾ ਆਜ਼ਾਦ ਕਰਾਉਣ ਹਿੱਤ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ ਹੇਠ ਮਿਤੀ 21 ਫਰਵਰੀ 1921 ਈਸਵੀ ਨੂੰ 200 ਸਿੰਘਾਂ ਦਾ ਜੱਥਾ ਸ਼ਾਂਤਮਈ ਢੰਗ ਨਾਲ ਸ੍ਰੀ ਨਨਕਾਣਾ ਸਾਹਿਬ ਵਿਖੇ ਗਿਆ। ਮਹੰਤ ਨਰੈਣੂ ਅਤੇ ਉਸਦੇ ਗੁੰਡਿਆਂ ਦੁਆਰਾ ਗੋਲੀਆਂ, ਕੋਹਾੜੀਆਂ ਅਤੇ ਗੰਡਾਸਿਆਂ ਨਾਲ ਕੱਟ-ਕੱਟ ਕੇ ਤੇ ਕਈਆਂ ਨੂੰ ਜ਼ਿੰਦਾ ਹੀ ਅੱਗ ਵਿੱਚ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਸਾਕਾ ਵੇਖ ਕੇ ਸਰਕਾਰ ਵੀ ਘਬਰਾ ਗਈ ਤੇ ਗੁਰਦੁਆਰੇ ਦਾ ਪ੍ਰਬੰਧ ਪੰਥ ਦੇ ਹੱਥਾਂ ਵਿੱਚ ਆ ਗਿਆ।



### ਮੋਰਚਾ ਗੁਰਦੁਆਰਾ ਗੰਗਸਰ ਜੈਤੋ

ਗੁਰਦੁਆਰਾ ਗੰਗਸਰ ਜੈਤੋ, ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਇਤਿਹਾਸਕ ਗੁਰਦੁਆਰਾ ਹੈ, ਇਹ ਪਹਿਲਾਂ ਨਾਭਾ ਰਿਆਸਤ ਵਿੱਚ ਸੀ। ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਜਬਰਦਸਤੀ ਗੱਦੀਓਂ ਲਾਹੇ ਜਾਣ ਦੇ ਵਿਰੁੱਧ ਗੁਰਦੁਆਰਾ ਗੰਗਸਰ ਵਿਖੇ ਰੱਖੇ ਸ੍ਰੀ ਅਖੰਡ ਪਾਠ ਨੂੰ ਪੁਲਿਸ ਵੱਲੋਂ ਖੰਡਤ ਕੀਤਾ ਗਿਆ। ਖੰਡਤ ਕੀਤੇ ਗਏ ਪਾਠ ਲਈ ਪ੍ਰਾਸ਼ਚਿਤ ਕਰ ਮੁੜ ਤੋਂ ਸ੍ਰੀ ਅਖੰਡ ਪਾਠ ਸਾਹਿਬ ਰਖ ਸੰਪੂਰਣ ਕਰਨ ਦੇ ਉਦੇਸ਼ ਨਾਲ ਸ੍ਰੀ ਅਕਾਲ ਤਖ਼ਤ ਤੋਂ ਜਥੇ ਭੇਜੇ ਜਾਣੇ ਸ਼ੁਰੂ ਕੀਤੇ ਗਏ। ਜਿਨ੍ਹਾਂ ਨੂੰ ਫੜ ਕੇ ਪੁਲਿਸ ਦੂਰ ਦੁਰਾਡੇ ਛੱਡ ਆਉਂਦੀ, ਪਰ ਇਹ ਮੋਰਚਾ ਨਿਰੰਤਰ ਜਾਰੀ ਰਿਹਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਉਪਰੰਤ ਇਥੇ ਸ਼ਾਂਤਮਈ ਜਥੇ ਭੇਜੇ ਜਾਂਦੇ ਰਹੇ। 400 ਤੋਂ ਵੱਧ ਸਿੰਘ ਸ਼ਹੀਦ ਹੋਏ ਤੇ ਹਜ਼ਾਰਾਂ ਨੂੰ ਗ੍ਰਿਫ਼ਤਾਰ ਕਰਕੇ ਜੇਲਾਂ ਵਿੱਚ ਸੁੱਟ ਤਸੀਹੇ ਦਿੱਤੇ ਜਾਂਦੇ ਰਹੇ। ਇਸ ਮੋਰਚੇ 'ਚ ਵੀ ਕਈਆਂ ਦੀਆਂ ਜ਼ਮੀਨ ਜਾਇਦਾਦਾਂ ਜਬਤ ਕੀਤੀਆਂ ਗਈਆਂ, ਕਈ ਸਾਰੀ ਉਮਰ ਲਈ ਸਰੀਰਕ ਪੱਖੋਂ ਨਕਾਰੇ ਹੋ ਗਏ, ਪਰ ਸ਼ਾਂਤਮਈ ਰਹਿੰਦਿਆਂ ਹੋਇਆਂ 21 ਫਰਵਰੀ 1924 ਨੂੰ ਇਹ ਮੋਰਚਾ ਜਿੱਤ ਲਿਆ।

# ਵਿਸ਼ੇਸ਼ ਕੀਰਤਨ ਸਮਾਗਮ

# ਗੁਰਦੁਆਰਾ ਨਾਨਕ ਪਿਆਊ ਸਾਹਿਬ

ਵਿਖੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਕਰਵਾਇਆ ਜਾ ਰਿਹਾ ਹੈ।

### ਪ੍ਰੋਗਰਾਮ (ਸਵੇਰੇ)

- 6.00 ਤੋਂ 8.00 – ਆਸਾ ਦੀ ਵਾਰ – ਭਾਈ ਨਿਰਮਲ ਸਿੰਘ ਜੀ ਖਾਲਸਾ ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ
- 8.00 ਤੋਂ 8.45 – ਕਥਾ – ਭਾਈ ਸੰਦੀਪ ਸਿੰਘ ਜੀ ਹੈਡ ਗ੍ਰੰਥੀ, ਗੁ. ਮਾਤਾ ਸੁੰਦਰੀ ਜੀ
- 9.00 ਤੋਂ 10.00 – ਕੀਰਤਨ – ਭਾਈ ਗੁਰਮੇਲ ਸਿੰਘ ਜੀ ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ
- 10.00 ਤੋਂ 11.00 – ਕੀਰਤਨ – ਭਾਈ ਸਤਵਿੰਦਰ ਸਿੰਘ ਜੀ ਸਰਤਾਜ ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ
- 11.00 ਤੋਂ 12.00 – ਕੀਰਤਨ – ਭਾਈ ਗੁਰਫਤਿਹ ਸਿੰਘ ਜੀ ਸ਼ਾਂਤ ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ
- 12.00 ਤੋਂ 1.00 – ਕੀਰਤਨ – ਭਾਈ ਜਤਿੰਦਰ ਸਿੰਘ ਜੀ ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

**ਉਪਰੰਤ ਅਰਦਾਸ ਤੇ ਸਮਾਪਤੀ**

ਸੰਗਤਾਂ ਨੂੰ ਬੇਨਤੀ ਹੈ ਕਿ ਇਸ ਮੌਕੇ 'ਤੇ ਹਾਜ਼ਰੀਆਂ ਭਰਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਗੁਰੂ ਪੰਥ ਦੇ ਦਾਸ

**ਹਰਮੀਤ ਸਿੰਘ ਕਾਲਕਾ**
ਪ੍ਰਧਾਨ

**ਹਰਵਿੰਦਰ ਸਿੰਘ ਕੇ.ਪੀ.**
ਸੀਨੀਅਰ ਮੀਤ ਪ੍ਰਧਾਨ

**ਜਗਦੀਪ ਸਿੰਘ ਕਾਹਲੋਂ**
ਜਨਰਲ ਸਕੱਤਰ

**ਆਤਮਾ ਸਿੰਘ ਲੁਬਾਣਾ** ਮੀਤ ਪ੍ਰਧਾਨ

**ਜਸਪ੍ਰੀਤ ਸਿੰਘ ਕਰਮਸਰ**
ਚੇਅਰਮੈਨ, ਧਰਮ ਪ੍ਰਚਾਰ ਕਮੇਟੀ

**ਜਸਮੇਨ ਸਿੰਘ ਨੋਨੀ** ਸਕੱਤਰ

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

23712580-81-82, 23737328-29 www.dsgmc.in info@dsgmc.in

ਡਿਜ਼ਾਇਨਿੰਗ : ਕੰਪਿਊਟਰ ਵਿਭਾਗ

ਛਾਪਕ : ਗੁਰਉਪਦੇਸ਼ ਪ੍ਰਿੰਟਰਜ਼, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-1